# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 02-06-2024**

- ਲੋਕ ਸਭਾ ਚੋਣਾਂ ਦੇ 7ਵੇਂ ਅਤੇ ਆਖ਼ਰੀ ਗੇੜ ਵਿੱਚ 62.36 ਜਦਕਿ ਪੰਜਾਬ ਵਿਚ 61.32 ਫ਼ੀਸਦ ਵੋਟਿੰਗ ਦਰਜ ਹੋਈ।
- ਫ਼ਤਹਿਗੜ੍ਹ ਸਾਹਿਬ ਜ਼ਿਲੇ ਵਿੱਚ ਨਿਊ ਸਰਹੰਦ ਰੇਲਵੇ ਸਟੇਸ਼ਨ ਲਾਗੇ, ਅੰਬਾਲਾ ਲੁਧਿਆਣਾ ਰੇਲ ਲਾਈਨ ਤੇ ਦੋ ਮਾਲ ਗੱਡੀਆਂ ਦੀ ਟੱਕਰ।
- ਪੰਜਾਬ ਵਿਚ ਪਿਛਲੇ ਕਈ ਦਿਨਾਂ ਤੋਂ ਕਹਿਰ ਢਾ ਰਹੀ ਗਰਮੀ ਹਾਲੇ ਜਾਰੀ - ਆਮ ਜਨਜੀਵਨ ਹੋਇਆ ਪ੍ਰਭਾਵਿਤ।

---

ਲੋਕ ਸਭਾ ਚੋਣਾਂ ਦੇ 7ਵੇਂ ਅਤੇ ਆਖ਼ਰੀ ਪੜਾਅ ਵਿੱਚ ਕੱਲ੍ਹ 62.36 ਫੀਸਦੀ ਵੋਟਿੰਗ ਹੋਈ ਏ। ਇਸ ਪੜਾਅ ਵਿੱਚ 7 ਰਾਜਾਂ ਅਤੇ ਇੱਕ ਕੇਂਦਰ ਸ਼ਾਸਤ ਪ੍ਰਦੇਸ਼ ਦੇ 57 ਲੋਕਸਭਾ ਹਲਕਿਆਂ ਵਿੱਚ ਵੋਟਿੰਗ ਹੋਈ। ਇਨ੍ਹਾਂ

ਵਿੱਚ ਉੱਤਰ ਪ੍ਰਦੇਸ਼ ਅਤੇ ਪੰਜਾਬ ਦੀਆਂ 13-13, ਪੱਛਮੀ ਬੰਗਾਲ ਵਿੱਚ 9, ਬਿਹਾਰ ਵਿੱਚ ਅੱਠ, ਉੜੀਸਾ ਵਿੱਚ ਛੇ, ਹਿਮਾਚਲ ਪ੍ਰਦੇਸ਼ ਵਿੱਚ ਚਾਰ, ਝਾਰਖੰਡ ਵਿੱਚ ਤਿੰਨ ਅਤੇ ਚੰਡੀਗੜ੍ਹ ਵਿੱਚ ਇੱਕ ਸੰਸਦੀ ਸੀਟ ਸ਼ਾਮਲ ਏ। ਪੰਜਾਬ ਵਿਚ ਕੁਲ 61.32 ਫ਼ੀਸਦ ਚੰਡੀਗੜ੍ਹ ਵਿਚ 67 .90 ਫ਼ੀਸਦ ਅਤੇ ਹਿਮਾਚਲ ਪ੍ਰਦੇਸ਼ ਵਿਚ 70.05 ਫੀਸਦੀ ਵੋਟਿੰਗ ਦਰਜ ਕੀਤੀ ਗਈ ਏ। ਲੋਕ ਸਭਾ ਹਲਕਾ ਬਠਿੰਡਾ 'ਚ ਸਬਤੋ ਵੱਧ 67.97 ਫ਼ੀਸਦ, ਫਿਰੋਜ਼ਪੁਰ ਵਿਚ 65.95 ਫ਼ੀਸਦ, ਗੁਰਦਾਸਪੁਰ 'ਚ 64.66 ਫ਼ੀਸਦ , ਪਟਿਆਲਾ ਵਿਚ 62.41 ਫ਼ੀਸਦ, ਸੰਗਰੂਰ ਚ 64.43, ਖਡੂਰ ਸਾਹਿਬ ਵਿਚ 61 .60 ਫ਼ੀਸਦ, ਅਨੰਦਪੁਰ ਸਾਹਿਬ ਵਿਚ 60.02, ਫਤਹਿਗੜ੍ਹ ਸਾਹਿਬ ਵਿਚ 61.18 , ਫਰੀਦਕੋਟ ਵਿਚ 60.78 ਫ਼ੀਸਦ,ਜਲੰਧਰ ਵਿਚ 59.07, ਹੁਸ਼ਿਆਰਪੁਰ ਵਿਚ 58.10, ਲੁਧਿਆਣਾ ਵਿਚ 57.18 ਅਤੇ ਸਬ ਤੋਂ ਘੱਟ ਅੰਮ੍ਰਿਤਸਰ ਵਿਚ 54 .02 ਫੀਸਦੀ ਵੋਟਿੰਗ ਦਰਜ਼ ਕੀਤੀ ਗਈ ਏ। ਸਾਲ 2019 ਦੀਆਂ ਲੋਕਸਭਾ ਚੋਣਾਂ ਵਿਚ 65 ਫੀਸਦੀ ਤੋਂ ਕੁਝ ਵੱਧ ਵੋਟਿੰਗ ਦਰਜ਼ ਕੀਤੀ ਗਈ ਸੀ।

---------------------------------------------------------------------

ਚੋਣ ਕਮਿਸ਼ਨ ਨੇ ਕਾਂਗਰਸ ਦੇ ਰਾਸ਼ਟਰੀ ਜਨਰਲ ਸਕੱਤਰ ਜੈਰਾਮ ਰਮੇਸ਼ ਨੂੰ, ਆਪਣੇ ਦਾਅਵੇ 'ਤੇ ਤੱਥਾਂ ਦੀ ਜਾਣਕਾਰੀ ਦੇਣ ਲਈ ਕਿਹਾ ਏ। ਜੈਰਾਮ ਰਮੇਸ਼ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਅਜਿਹਾ ਦਾਅਵਾ ਕੀਤਾ ਸੀ, ਕਿ ਵੋਟਾਂ ਦੀ ਗਿਣਤੀ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ, ਦੇਸ਼ ਦੇ 150 ਜ਼ਿਲ੍ਹਾ ਅਧਿਕਾਰੀਆਂ ਨੂੰ ਫੋਨ ਕੀਤਾ ਏ। ਕਮਿਸ਼ਨ ਨੇ ਕਿਹਾ ਕਿ ਅਜੇ ਤੱਕ ਕਿਸੇ ਵੀ ਡੀ.ਐਮ. ਵੱਲੋਂ ਅਜਿਹੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਏ। ਚੋਣ ਕਮਿਸ਼ਨ ਨੇ ਜੈਰਾਮ ਰਮੇਸ਼ ਨੂੰ ਲਿਖੇ ਪੱਤਰ ਵਿੱਚ ਕਿਹਾ ਏ ਕਿ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਦੇ ਬਾਵਜੂਦ ਸਾਰੇ ਅਧਿਕਾਰੀ ਕਮਿਸ਼ਨ ਦੇ ਅਧੀਨ ਕੰਮ ਕਰ ਰਹੇ ਨੇ। ਅਜਿਹੇ 'ਚ ਉਹ, ਅਜਿਹਾ ਦਾਅਵਾ ਕਿਵੇਂ ਕਰ ਰਹੇ ਨੇ? ਇਸ ਬਾਰੇ ਅੱਜ ਸ਼ਾਮ 7 ਵਜੇ ਤੱਕ ਜਾਣਕਾਰੀ ਦੇਣ।

---------------------------------------------------------------------

ਸੂਬੇ ਭਰ ਵਿਚ ਈ.ਵੀ.ਐਮ ਮਸ਼ੀਨਾਂ ਨਿਰਦੇਸ਼ਾਂ ਅਨੁਸਾਰ, ਲਗਾਤਾਰ ਸੀ.ਸੀ.ਟੀ.ਵੀ ਕਮਰਿਆਂ ਦੀ ਨਿਗਰਾਨੀ ਅਤੇ ਕੇਂਦਰੀ ਸੁਰੱਖਿਆ

ਬਲਾਂ, ਪੰਜਾਬ ਪੁਲਿਸ ਦੀਆਂ ਟੁਕੜੀਆਂ ਦੀ ਮੌਜੂਦਗੀ ਹੇਠ ਕੜੀ ਸੁਰੱਖਿਆ ਵਿੱਚ ਨੇ । ਗਿੱਦੜਬਾਹਾ ਦੇ ਐਸ.ਡੀ.ਐਮ ਅਜੀਤਪਾਲ ਨੇ ਇਸ ਸਬੰਧੀ ਫੈਲਾਈ ਜਾ ਰਹੀ ਖਬਰ ਨੂੰ ਮੁਕੰਮਲ ਤੌਰ ਤੇ ਰੱਦ ਕਰਦਿਆਂ ਸਪਸ਼ਟ ਕੀਤਾ ਕਿ ਸਾਰੀਆਂ ਈ.ਵੀ.ਐਮ ਮਸ਼ੀਨਾਂ ਕੜੀ ਸੁਰੱਖਿਆ ਤਹਿਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਦਾ ਇੰਨ- ਬਿੰਨ ਪਾਲਣ ਕਰਦਿਆਂ ਫਰੀਦਕੋਟ ਲਿਆਂਦੀਆਂ ਗਈਆਂ ਨੇ । ਉਹਨਾਂ ਦੱਸਿਆ ਕਿ ਸਾਰੀਆਂ ਈ.ਵੀ.ਐਮ ਮਸ਼ੀਨਾਂ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸੁਰੱਖਿਅਤ ਨੇ ਅਤੇ ਇਸੇ ਕਿਸਮ ਦੀ ਛੇੜਖਾਨੀ ਜਾਂ ਦੇਰੀ ਨਹੀਂ ਹੋਈ ਏ । ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਗਲਤ ਅਤੇ ਝੂਠੀਆਂ ਖਬਰਾਂ ਨਾ ਫੈਲਾਈਆਂ ਜਾਣ ਅਤੇ ਇਹਨਾਂ ਤੇ ਭਰੋਸਾ ਨਾ ਕੀਤਾ ਜਾਵੇ ।

---------------------------------------------------------

ਪੰਜਾਬ ਦੇ ਫ਼ਤਹਿਗੜ੍ਹ ਸਾਹਿਬ ਜ਼ਿਲੇ ਵਿੱਚ ਨਿਊ ਸਰਹੰਦ ਰੇਲਵੇ ਸਟੇਸ਼ਨ ਲਾਗੇ, ਅੰਬਾਲਾ ਲੁਧਿਆਣਾ ਰੇਲ ਲਾਈਨ ਤੇ ਅੱਜ ਤੜਕਸਾਰ

ਇਕ ਵੱਡਾ ਰੇਲ ਹਾਦਸਾ ਹੋਣੋਂ ਟਲ ਗਿਆ, ਜਦੋਂ ਰੇਲ ਲਾਈਨ ਤੇ ਖੜੀ ਇਕ ਮਾਲ ਗੱਡੀ ਵਿੱਚ ਦੂਜੀ ਮਾਲਗੱਡੀ ਦਾ ਇੰਜਣ ਜਾ ਵੱਜਿਆ।

*ਹੋਰ ਵੇਰਵੇ ਨਾਲ ਇਹ ਰਿਪੋਰਟ :ਡਿਸਪੈਚ: ਕੋਲਾ ਲੈ ਕੇ ਰੋਪੜ ਜਾਣ ਵਾਲੀ ਇਕ ਮਾਲ ਗੱਡੀ ਨਿਊ ਸਰਹਿੰਦ ਰੇਲਵੇ ਸਟੇਸ਼ਨ ਦੇ ਨੇੜੇ ਟ੍ਰੈਕ 'ਤੇ ਖੜੀ ਸੀ ਜਦੋਂ ਇਕ ਦੂਜੀ ਮਾਲ ਗੱਡੀ ਨੇ ਓਸੇ ਟਰੈਕ ਤੇ ਹੀ ਇਸ ਨੂੰ ਪਿੱਛੋਂ ਟੱਕਰ ਮਾਰ ਦਿੱਤੀ। ਇਸ ਨਾਲ ਮਾਲ ਗੱਡੀ ਦਾ ਇੰਜਣ ਨਾਲ ਲੱਗਦੇ ਦੂਜੇ ਟ੍ਰੈਕ 'ਤੇ ਪਲਟ ਗਿਆ ਜਦਕਿ ਡੱਬੇ ਇਕ ਦੂਜੇ ਤੇ ਚੜ ਗਏ। ਠੀਕ ਉਸ ਸਮੇਂ ਕੋਲਕਾਤਾ ਤੋਂ ਜੰਮੂ ਤਵੀ ਵਲ ਜਾ ਰਹੀ ਵਿਸ਼ੇਸ਼ ਮੁਸਾਫ਼ਰ ਰੇਲ ਗੱਡੀ ਪਟੜੀ ਤੋਂ ਲੰਘ ਰਹੀ ਸੀ ਤੇ ਇਸ ਇੰਜਣ ਨਾਲ ਉਸਦੇ ਡੱਬੇ ਤਾਂ ਲਗ ਗਏ ਪਰ ਮੁਸਾਫ਼ਰ ਗੱਡੀ ਦੀ ਰਫ਼ਤਾਰ ਘੱਟ ਹੋਣ ਕਾਰਨ ਕੋਈ ਨੁਕਸਾਨ ਨਹੀਂ ਹੋਇਆ ਤੇ ਇਕ ਵੱਡਾ ਹਾਦਸਾ ਟਲ ਗਿਆ। ਮਾਲਗੱਡੀ ਦੇ ਇੰਜਣ ਦੇ ਦੋ ਡਰਾਈਵਰ ਘਟਨਾ ਵਿੱਚ ਜ਼ਖਮੀ ਹੋ ਗਏ ਅਤੇ ਉਨ੍ਹਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਏ। ਦੋਵਾਂ ਨੂੰ ਮੌਕੇ ਤੇ ਮੁੱਢਲੀ ਮੈਡੀਕਲ ਮਦਦ ਮਗਰੋਂ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿੱਚ ਦਾਖਲ ਕਰਵਾਇਆ*

*ਗਿਆ ਏ । ਸੂਚਨਾ ਮਿਲਣ ਤੋਂ ਬਾਅਦ ਰੇਲਵੇ ਦੇ ਸੀਨੀਅਰ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਹਾਲਾਤ ਦਾ ਜਾਇਜ਼ਾ ਲਿਆ । ਰੇਲ ਟ੍ਰੈਕ ਬੁਰੀ ਤਰ੍ਹਾਂ ਨਾਲ ਨੁਕਸਾਨਿਆ ਗਿਆ ਏ ਅਤੇ ਰੇਲਵੇ ਵੱਲੋਂ ਟਰੈਕ ਦੀ ਮੁਰੰਮਤ ਦਾ ਕੰਮ ਜੰਗੀ ਪੱਧਰ ਤੇ ਕੀਤਾ ਜਾ ਰਿਹਾ ਏ ।ਇਸ ਦੌਰਾਨ ਰੇਲਵੇ ਨੇ ਅੰਬਾਲਾ ਲੁਧਿਆਣਾ ਸੈਕਸ਼ਨ ਤੇ ਸੱਤ ਵੱਖ ਵੱਖ ਰੇਲ ਗੱਡੀਆਂ ਨੂੰ ਰੱਦ ਕਰ ਦਿੱਤਾ ਏ ਜਦਕਿ 51 ਹੋਰ ਗੱਡੀਆਂ ਦੇ ਰਸਤੇ ਵਿੱਚ ਬਦਲਾਵ ਕੀਤਾ ਗਿਆ ਏ । ਕੁਝ ਗੱਡੀਆਂ ਦਾ ਸਮਾਂ ਵੀ ਬਦਲਿਆ ਗਿਆ ਏ । ਇਸ ਘਟਨਾ ਨੇ ਰੇਲ ਮਹਿਕਮੇ ਦੀ ਕਾਰਜ ਪ੍ਰਣਾਲੀ ਤੇ ਸਵਾਲੀਆ ਨਿਸ਼ਾਨ ਲਗਾਇਆ ਏ ਕਿਉਂਕਿ ।ਇਕੋ ਸਮੇਂ ਇਕੋ ਟਰੈਕ ਤੇ ਦੋ ਗੱਡੀਆਂ ਦਾ ਆਉਣਾ ਮਨੁੱਖੀ ਲਾਪਰਵਾਹੀ ਹੀ ਦਰਸਾਉਂਦਾ ਏ । ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ।*

------------------------------------------------

ਜਲੰਧਰ ਦੇ ਦਯਾਨੰਦ ਆਯੁਰਵੈਦਿਕ ਕਾਲੇਜ ਦੇ ਪ੍ਰੋਫੈਸਰ ਡਾਕਟਰ ਚੰਦਰਸ਼ੇਖਰ ਸ਼ਰਮਾ ਨੂੰ, ਆਯੁਰਵੇਦ ਅਧਿਆਪਨ ਬੋਰਡ ਦਾ ਮੈਂਬਰ

ਨਿਯੁਕਤ ਕੀਤਾ ਗਿਆ ਏ। ਗੁਰੂ ਰਵਿਦਾਸ ਆਯੂਰਵੇਦ ਯੂਨੀਵਰਸਿਟੀ ਹੁਸ਼ਿਆਰਪੁਰ ਵੱਲੋਂ ਇਸ ਨਿਯੁਕਤੀ ਨੂੰ ਮਨਜ਼ੂਰੀ ਦਿੱਤੀ ਗਈ ਏ। ਜਿਕਰਯੋਗ ਏ ਕਿ ਡਾਕਟਰ ਚੰਦਰਸ਼ੇਖਰ ਸ਼ਰਮਾ, ਆਯੂਰਵੇਦ ਦੇ ਖੇਤਰ ਵਿੱਚ ਆਪਣੇ ਵਡਮੁੱਲੇ ਯੋਗਦਾਨ ਲਈ, ਇਸ ਤੋਂ ਪਹਿਲਾਂ ਕਈ ਵੱਕਾਰੀ ਅਵਾਰਡ ਵੀ ਹਾਸਲ ਕਰ ਚੁੱਕੇ ਨੇ।

---------------------------------------------------------

ਭਾਰਤੀ ਰੇਲਵੇ ਕੈਟਰਿੰਗ ਅਤੇ ਟੂਰਿਜ਼ਮ ਕਾਰਪੋਰੇਸ਼ਨ ਨੇ, ਚੰਡੀਗੜ੍ਹ ਤੋਂ ਅਯੁੱਧਿਆ ਧਾਮ ਯਾਤਰਾ ਭਾਰਤ ਗੌਰਵ ਵਿਸ਼ੇਸ਼ ਸੈਲਾਨੀ ਰੇਲਗੱਡੀ ਚਲਾਉਣ ਦਾ ਫੈਸਲਾ ਕੀਤਾ ਏ। ਆਈ.ਆਰ.ਸੀ.ਟੀ.ਸੀ ਦੀ ਤਰਫੋਂ, ਟਰੇਨ ਦੇ ਸਾਰੇ ਡੱਬਿਆਂ ’ਚ ਥਰਡ ਏਸੀ ਫਿੱਟ ਕੀਤਾ ਜਾਵੇਗਾ, ਜਿਸ ’ਚ 2 ਸ਼੍ਰੇਣੀਆਂ ਰੱਖੀਆਂ ਗਈਆਂ ਨੇ। ਅਰਾਮ ਸ਼੍ਰੇਣੀ ’ਚ ਸਫ਼ਰ ਕਰਨ ਵਾਲੇ ਦੋ ਅਤੇ ਤਿੰਨ ਯਾਤਰੀਆਂ ਲਈ ਕਿਰਾਇਆ 22 ਹਜ਼ਾਰ 240 ਰੁਪਏ ਅਤੇ 5 ਤੋਂ 11 ਸਾਲ ਦੀ ਉਮਰ ਦੇ ਬੱਚੇ ਲਈ 20 ਹਜ਼ਾਰ 15 ਰੁਪਏ ਨਿਰਧਾਰਿਤ ਕੀਤਾ ਗਿਆ ਏ। ਸਟੈਂਡਰਡ ਕਲਾਸ ’ਚ ਦੋ ਅਤੇ ਤਿੰਨ ਯਾਤਰੀਆਂ

ਨੂੰ 18 ਹਜ਼ਾਰ 520 ਰੁਪਏ ਦੇਣੇ ਹੋਣਗੇ। ਖੇਤਰੀ ਮੈਨੇਜਰ ਸੁਖਵਿੰਦਰ ਸਿੰਘ ਨੇ ਦੱਸਿਆ ਏ ਕਿ 5 ਜੁਲਾਈ ਨੂੰ ਪਠਾਨਕੋਟ, ਜਲੰਧਰ, ਲੁਧਿਆਣਾ ਵਾਇਆ ਚੰਡੀਗੜ੍ਹ ਤੋਂ ਵਿਸ਼ੇਸ਼ ਸੈਲਾਨੀ ਰੇਲ ਗੱਡੀ ਚਲਾਈ ਜਾਵੇਗੀ। ਇਸ ਵਿਚ 7 ਰਾਤਾਂ ਅਤੇ 8 ਦਿਨ ਸ਼ਾਮਲ ਨੇ। ਇਸ ਦੇ ਨਾਲ ਹੀ ਸੈਲਾਨੀਆਂ ਨੂੰ 5 ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਲਿਜਾਇਆ ਜਾਵੇਗਾ। ਇਸ ਲਈ ਬੁਕਿੰਗ ਸ਼ੁਰੂ ਹੋ ਗਈ ਏ ।5 ਜੁਲਾਈ ਦੀ ਸਵੇਰ ਨੂੰ, ਰੇਲਗੱਡੀ ਪਠਾਨਕੋਟ, ਜਲੰਧਰ
ਸ਼ਹਿਰ, ਲੁਧਿਆਣਾ, ਚੰਡੀਗੜ੍ਹ, ਅੰਬਾਲਾਕੈਂਟ, ਕੁਰੂਕਸ਼ੇਤਰ, ਪਾਣੀਪਤ, ਸੋਨੀਪਤ ਅਤੇ ਦਿੱਲੀ ਤੋਂ ਬਾਅਦ ਹਰਿਦੁਆਰ ਤੋਂ ਚੱਲੇਗੀ। ਇਸ ’ਚ ਹਰਿਦੁਆਰ, ਰਿਸ਼ੀਕੇਸ਼, ਵਾਰਾਣਸੀ, ਅਯੁੱਧਿਆ ਧਾਮ ਅਤੇ ਪ੍ਰਯਾਗਰਾਜ ਦੇ ਵਿਸ਼ੇਸ਼ ਤੀਰਥ ਸਥਾਨ ਵੀ ਸ਼ਾਮਲ ਨੇ।

---------------------------------------------------------------

ਪੰਜਾਬ ਵਿਚ ਪਿਛਲੇ ਕਈ ਦਿਨਾਂ ਤੋਂ ਕਹਿਰ ਢਾ ਰਹੀ, ਝੁਲਸਾ ਦੇਣ ਵਾਲੀ ਗਰਮੀ ਹਾਲੇ ਜਾਰੀ ਏ। ਮੌਸਮ ਵਿਭਾਗ ਨੇ 6 ਜੂਨ ਤਕ ਕਈ

ਜ਼ਿਲਿਆਂ ਵਿਚ, ਓਰੇਂਜ ਤੇ ਯੈਲੋ ਅਲਰਟ ਜਾਰੀ ਕਰਦਿਆਂ, ਹਨੇਰੀ ਝੱਖੜ ਤੇ ਗ਼ਰਜ਼ ਚਮਕ ਨਾਲ ਛਿੱਟੇ ਪੈਣ ਦੀ ਚੇਤਾਵਨੀ ਦਿੱਤੀ ਏ। ਬੀਤੀ ਰਾਤ ਤੇਜ਼ ਹਨੇਰੀ ਝੱਖੜ ਨਾਲ ਜਲੰਧਰ ਸਮੇਤ ਕਈ ਥਾਵਾਂ ਤੇ ਦਰਖਤ ਡਿਗਣ ਨਾਲ ਆਵਾਜਾਈ ਪ੍ਰਭਾਵਿਤ ਹੋਈ ਤੇ ਕਈ ਇਲਾਕਿਆਂ ਵਿਚ ਬਿਜਲੀ ਵੀ ਗੁਲ ਰਹੀ। ਸਵੇਰ ਤੋਂ ਹੀ ਵਗਦੇ ਲੂ ਦੇ ਥਪੇੜਿਆਂ ਨੇ, ਹਰ ਕਿਸੇ ਹਰ ਕਿਸੇ ਦਾ ਬੁਰਾ ਹਾਲ ਕੀਤਾ ਹੋਇਆ ਏ। ਗਰਮੀ ਨਾਲ ਆਮ ਜਨਜੀਵਨ ਵੀ ਬੁਰੀ ਤਰਾਂ ਨਾਲ ਪ੍ਰਭਾਵਤ ਹੋਇਆ ਏ। ਜਬਰਦਸਤ ਗਰਮੀ ਤੇ ਲੂ ਦੇ ਇਸ ਗੰਭੀਰ ਹਾਲਾਤ ਨੂੰ ਵੇਖਦਿਆਂ ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ ਨੇ ਲੋਕਾਂ ਨੂੰ ਪੂਰੀ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਏ। ਲੋਕਾਂ ਨੂੰ ਸਿੱਧੀ ਧੁੱਪ ਵਿਚ ਬਾਹਰ ਨਿਕਲਣ ਤੋਂ ਬਚਣ, ਛਾਂ ਵਿੱਚ ਰਹਣ ਅਤੇ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤਕ ਬਾਹਰ ਜਾਣ ਤੋਂ ਪਰਹੇਜ ਕਰਨ ਲਈ ਆਖਿਆ ਗਿਆ ਏ। ਇਸ ਦੇ ਨਾਲ ਹੀ ਜਰੂਰੀ ਮਿਕਦਾਰ ਵਿਚ ਪਾਣੀ ਪੀਣ, ਸਿਰ ਨੂੰ ਟੌਪੀ ਜਾਂ ਤੋਲੀਏ ਨਾਲ ਢੱਕ ਕੇ ਰੱਖਣ, ਲੂ ਲੱਗਣ ਵਾਲੇ ਵਿਅਕਤੀ ਨੂੰ ਆਈਸ-ਪੈਕ ਤੇ ਠੰਡੇ ਪਾਣੀ ਨਾਲ ਠੰਡਾ ਕਰਨ ਅਤੇ ਤੁਰੰਤ ਹਸਪਤਾਲ

ਲਿਜਾਣ, ਘਰ ਵਿੱਚ ਨਮਕ ਤੇ ਖੰਡ ਵਾਲੇ ਪਾਣੀ ਦਾ ਘੋਲ ਇਲਕਟ੍ਰੋ-ਲਾਇਟ੍ਸ ਰੱਖਣ ਅਤੇ ਬੱਚਿਆਂ ਤੇ ਬਜ਼ੁਰਗਾਂ ਦਾ ਖਾਸ ਧਿਆਨ ਰੱਖਣ ਦੀ ਸਲਾਹ ਦਿੱਤੀ ਗਈ ਏ।

---------------------------------------------------

ਓਧਰ ਖੰਨਾ ਦੇ ਪਿੰਡ ਜਰਗ ਦੇ ਰਿਹਾਇਸ਼ੀ ਇਲਾਕੇ 'ਚ ਸਥਿਤ ਇੱਕ ਮੋਬਾਈਲ ਟਾਵਰ ਵਿੱਚ ਭਿਆਨਕ ਅੱਗ ਲੱਗ ਗਈ, ਜਿਸ ਕਾਰਨ ਮੋਬਾਈਲ ਟਾਵਰ ਦਾ ਵੱਡਾ ਹਿੱਸਾ ਸੜ ਗਿਆ। ਅੱਗ ਲੱਗਣ ਦੀ ਘਟਨਾ ਕਾਰਨ ਲੋਕਾਂ ਵਿੱਚ ਹਫੜਾ-ਦਫੜੀ ਮੱਚ ਗਈ। ਫਾਇਰ ਬ੍ਰਿਗੇਡ ਦੀ ਟੀਮ ਨੇ ਮੌਕੇ ’ਤੇ ਪਹੁੰਚ ਕੇ ਸਥਿਤੀ 'ਤੇ ਕਾਬੂ ਪਾਇਆ ਅਤੇ ਵੱਡਾ ਹਾਦਸਾ ਹੋਣੋਂ ਟਲ ਗਿਆ। ਹਾਦਸੇ ਤੋਂ ਬਾਅਦ ਆਸ-ਪਾਸ ਦੇ ਇਲਾਕੇ ਵਿੱਚ ਸਬੰਧਤ ਕੰਪਨੀ ਦੀਆਂ ਮੋਬਾਈਲ ਸੇਵਾਵਾਂ ਠੱਪ ਹੋ ਗਈਆਂ।

---------------------------------------------------

ਓਧਰ ਵੀ. ਆਈ. ਪੀ. ਸਿਟੀ ਮੁਹਾਲੀ ਵਿਚ ਅੱਜ ਇੱਕ ਪ੍ਰਾਈਵੇਟ ਬੈਂਕ ਅਤੇ ਪ੍ਰਾਪਰਟੀ ਡੀਲਰ ਦੇ ਦਫ਼ਤਰ ਵਿਚ ਅਚਾਨਕ ਅੱਗ ਲੱਗ ਗਈ, ਜਿਸ ਕਾਰਨ ਭਾਰੀ ਨੁਕਸਾਨ ਹੋ ਗਿਆ। ਫਾਇਰ ਬ੍ਰਿਗੇਡ ਵਿਭਾਗ

ਨੇ ਚਾਰ ਗੱਡੀਆਂ ਦੀ ਮਦਦ ਨਾਲ ਤਿੰਨ ਘੰਟਿਆਂ ਵਿਚ ਅੱਗ ’ਤੇ ਕਾਬੂ ਪਾਇਆ। ਹਾਲਾਂਕਿ ਐਤਵਾਰ ਛੁੱਟੀ ਹੋਣ ਕਾਰਨ ਸਟਾਫ ਮੌਜੂਦ ਨਹੀਂ ਸੀ ।ਇਸ ਕਾਰਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਮੰਡਲ ਅਧਿਕਾਰੀ ਜਸਵਿੰਦਰ ਸਿੰਘ ਨੇ ਦੱਸਿਆ ਕਿ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਏ।

------------------------------------------------------

ਬਰਨਾਲਾ ਦੇ ਜ਼ਿਲ੍ਹਾ ਮੈਜਿਸਟ੍ਰੇਟ ਬਰਨਾਲਾ ਪੂਨਮਦੀਪ ਕੌਰ ਨੇ ਫੌਜਦਾਰੀ ਜ਼ਾਬਤਾ ਸੰਘਤਾ ਦੀ ਧਾਰਾ 144 ਅਧੀਨ ਏਅਰ ਫੋਰਸ ਸਟੇਸ਼ਨ ਦੀ ਸੁਰੱਖਿਆ ਦੇ ਮੱਦੇਨਜ਼ਰ, ਕਿਸੇ ਵੀ ਜਨਤਕ ਜਾਂ ਪ੍ਰਾਈਵੇਟ ਸਥਾਨ ’ਤੇ ਬਿਨਾਂ ਮਨਜ਼ੂਰੀ ਡਰੋਨ, ਪੈਰਾ ਗਲਾਈ-ਡਰਜ਼, ਪੈਰਾ ਮੋਟਰਜ਼, ਗੁਬਾਰਿਆਂ ਦੀ ਵਰਤੋਂ ’ਤੇ ਮੁਕੰਮਲ ਪਾਬੰਦੀ ਦੇ ਹੁਕਮ ਜਾਰੀ ਕੀਤੇ ਨੇ ।ਇਹ ਹੁਕਮ 25 ਜੂਨ ਤੱਕ ਲਾਗੂ ਰਹਿਣਗੇ।

------------------------------------------------------

ਤਰਨਤਾਰਨ ਜ਼ਿਲ੍ਹੇ ’ਚ ਵਾਪਰੇ ਦੋ ਵੱਖ ਵੱਖ ਸੜਕ ਹਾਦਸਿਆਂ ਵਿਚ ਮਾਂ-ਪੁੱਤਰ ਸਮੇਤ ਤਿੰਨ ਵਿਅਕਤੀਆਂ ਦੀ ਜਾਨ ਚਲੀ ਗਈ। ਪਹਿਲੀ

ਘਟਨਾ ਪਿੰਡ ਘਸੀਟਪੁਰਾ ਕੋਲ ਵਾਪਰੀ, ਜਿੱਥੇ ਮਾਂ ਪੁੱਤ ਦੀ ਮੌਤ ਹੋ ਗਈ ਅਤੇ ਇਕ ਵਿਅਕਤੀ ਜ਼ਖ਼ਮੀ ਹੋ ਗਿਆ। ਹਾਦਸਾ ਉਸ ਵੇਲੇ ਵਾਪਰਿਆ ਜਦੋ  ਅੰਮ੍ਰਿਤਪਾਲ ਸਿੰਘ, ਹਰਮਨ ਸਿੰਘ ਅਤੇ  ਸੁਖਵਿੰਦਰ ਕੌਰ ਮੋਟਰ-ਸਾਈਕਲ ’ਤੇ ਪਿੰਡ ਕੰਗ ਵੱਲ ਜਾ ਰਹੇ ਸਨ ਤਾਂ ਤਰਨਤਾਰਨ ਵੱਲੋਂ ਆ ਰਹੀ ਇਕ ਪਿਕਅਪ  ਗੱਡੀ ਨੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਕਰਕੇ ਸਿਰ ’ਤੇ ਸੱਟ ਲੱਗਣ ਕਾਰਨ ਅੰਮ੍ਰਿਤਪਾਲ ਸਿੰਘ ਦੀ ਮੌਕੇ ’ਤੇ ਹੀ ਮੌਤ ਹੋ ਗਈ ਤੇ ਸੁਖਵਿੰਦਰ ਕੌਰ ਨੇ ਇਲਾਜ ਦੌਰਾਨ ਦਮ ਤੋੜ ਦਿਤਾ। ਉਧਰ ਤਰਨਤਾਰਨ-ਪੱਟੀ ਮਾਰਗ ’ਤੇ ਇਕ ਹੋਰ ਹਾਦਸੇ ਵਿਚ ਇਕ ਮੋਟਰਸਾਈਕਲ ਸਵਾਰ ਦੀ ਮੌਤ ਹੋ ਗਈ। ਪੁਲਿਸ ਨੇ ਮ੍ਰਿਤਕ ਦੇਹਾਂ ਨੂੰ ਕਬਜ਼ੇ ਵਿਚ ਲੈ ਕੇ ਮਾਮਲਾ ਦਰਜ ਕਰ ਲਿਆ ਏ।

---------------------------------------------------------

**ਅਖੀਰ ਵਿਚ ਖਾਸ ਖਬਰਾਂ ਇਕ ਵਾਰ ਫੇਰ ਤੋਂ**

- ਲੋਕ ਸਭਾ ਚੋਣਾਂ ਦੇ 7ਵੇਂ ਅਤੇ ਆਖ਼ਰੀ ਗੇੜ ਵਿੱਚ 62.36 ਜਦਕਿ ਪੰਜਾਬ ਵਿਚ 61.32 ਫ਼ੀਸਦ  ਵੋਟਿੰਗ ਦਰਜ ਹੋਈ।

- ਫ਼ਤਹਿਗੜ੍ਹ ਸਾਹਿਬ ਜ਼ਿਲੇ ਵਿੱਚ ਨਿਊ ਸਰਹੰਦ ਰੇਲਵੇ ਸਟੇਸ਼ਨ ਲਾਗੇ, ਅੰਬਾਲਾ ਲੁਧਿਆਣਾ ਰੇਲ ਲਾਈਨ ਤੇ ਦੋ ਮਾਲ ਗੱਡੀਆਂ ਦੀ ਟੱਕਰ।
- ਪੰਜਾਬ ਵਿਚ ਪਿਛਲੇ ਕਈ ਦਿਨਾਂ ਤੋਂ ਕਹਿਰ ਢਾ ਰਹੀ ਗਰਮੀ ਹਾਲੇ ਜਾਰੀ - ਆਮ ਜਨਜੀਵਨ ਹੋਇਆ ਪ੍ਰਭਾਵਿਤ।